# ਦਫਤਰ ਡਾਇਰੈਕਟਰ ਸਿਖਿਆ ਵਿਭਾਗ (ਸੈ:ਸਿ:), ਪੰਜਾਬ।

ਪੰਜਾਬ ਸਕੂਲ ਸਿਖਿਆ ਬੋਰਡ ਕੰਪਲੈਕਸ, ਫੇਜ-8, ਐਸ ਏ ਐਸ ਨਗਰ

## ਨੋਟਿਸ

ਮਾਨਯੋਗ ਕੋਰਟ ਵਲੋ ਸਿਵਲ ਰਿਟ ਪਟੀਸਨ ਨੰ: 185 ਆਫ 2014 ਵਿਚ ਕੀਤੇ ਹੁਕਮਾਂ ਅਨੁਸਾਰ ਮਾਸਟਰ/ਮਿਸਟ੍ਰੈਸ ਕਾਡਰ ਦੀ ਸੀਨੀਆਰਤਾ ਰਿਵਿਊ ਕਰਨ ਦੇ ਆਦੇਸ ਦਿੱਤੇ ਗਏ ਸਨ।

ਉਪਰੋਕਤ ਹੁਕਮਾਂ ਦੇ ਸਨਮੁੱਖ ਮਾਸਟਰ/ ਮਿਸਟ੍ਰੈਸ ਕਾਡਰ ਦੀ ਸੀਨੀਆਰਤਾ ਸੂਚੀ ਤਿਆਰ ਕਰਕੇ ਵਿਭਾਗ ਦੀ ਵੈਬ ਸਾਇਟ www.ssapunjab.org ਤੇ ਮਿਤੀ 07-09-2017 ਨੂੰ ਪਾ ਕੇ ਮਿਤੀ 20-09-2017 ਤੱਕ ਇਤਰਾਜ ਮੰਗੇ ਗਏ ਸੀ। ਪ੍ਰਾਪਤ ਇਤਰਾਜਾ ਨੂੰ ਵਿਚਾਰਨ ਉਪਰੰਤ ਮਾਸਟਰ/ ਮਿਸਟ੍ਰੈਸ ਕਾਡਰ ਦੀ ਆਰਜੀ ਸੀਨੀਆਰਤਾ ਸੂਚੀ ਤਿਆਰ ਕੀਤੀ ਗਈ ਹੈ। ਇਸ ਆਰਜੀ ਸੀਨੀਆਰਾਤਾ ਸੂਚੀ ਵਿਚ ਜੇਕਰ ਕਿਸੇ ਅਧਿਆਪਕ ਦੇ ਵੇਰਵੇ ਦਰਜ ਹੋਣ ਤੋ ਰਹਿ ਗਏ ਹੋਣ ਜਾ ਕਿਸੇ ਅਧਿਆਪਕ ਦੇ ਵੇਰਵੇ ਅਧੂਰੇ ਹੋਣ, ਜਾਂ ਕਿਸੇ ਅਧਿਆਪਕ ਨੂੰ ਇਸ ਸਬੰਧੀ ਕੋਈ ਇਤਰਾਜ ਹੋਵੇ ਤਾਂ ਉਹ ਇਸ ਸੰਬਧੀ ਇਤਰਾਜ ਮਿਤੀ 18-11-2017 ਤੱਕ ਈ ਪੰਜਾਬ ਸਕੂਲ ਪੋਰਟਲ ਦੇ Staff Login ਲਿੰਕ ਅਧੀਨ ਭੇਜ ਸਕਦੇ ਹਨ। ਹਰ ਅਧਿਆਪਕ ਨੂੰ ਈ ਪੰਜਾਬ ਸਕੂਲ ਪੋਰਟਲ ਦੇ Staff Login ਦੀ ਆਈ.ਡੀ. ਅਤੇ ਪਾਸਵਰਡ ਪਹਿਲਾ ਹੀ ਵਿਭਾਗ ਵਲੋ ਦਿੱਤਾ ਜਾ ਚੁਕਾ ਹੈ। ਹਰ ਅਧਿਆਪਕ ਨੂੰ ਇਹ ਵੀ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਪੋਰਟਲ ਉੱਤੇ ਭਰੀ ਜਾਣਕਾਰੀ ਨੂੰ ਚੰਗੀ ਤਰਾਂ ਨਾਲ ਚੈਕ ਕਰ ਲਵੇ ਅਤੇ ਜੇਕਰ ਕੋਈ ਦਰੁਸਤੀ ਕਰਨੀ ਹੈ ਤਾਂ ਪੋਰਟਲ ਉੱਤੇ ਕਰ ਲਈ ਜਾਵੇ। ਆਪਣੇ ਇਤਰਾਜ ਦੇਣ ਸਮੇ ਵਿਭਾਗ ਵਲੋ ਜਾਰੀ ਸੀਨੀਆਰਤਾ ਸੂਚੀ ਦਾ ਨੰਬਰ ਠੀਕ ਭਰਿਆ ਜਾਵੇ ਤਾਂ ਜੋ ਆਪ ਵਲੋ ਦਿੱਤਾ ਇਤਰਾਜ ਵਿਭਾਗ ਵਲੋ ਦੂਰ ਕੀਤਾ ਜਾ ਸਕੇ ਜੇਕਰ ਕਿਸੇ ਅਧਿਆਪਕ ਨੂੰ ਆਪਣਾ ਆਈ.ਡੀ. ਅਤੇ ਪਾਸਵਰਡ ਨਹੀ ਪਤਾ ਤਾਂ ਉਹ ਇਸ ਸਬੰਧੀ ਜਿਲ੍ਹਾ ਐਮ ਆਈ ਐਸ ਕੁਆਰਡੀਨੇਟਰ ਨੂੰ ਸੰਪਰਕ ਕਰ ਸਕਦਾ ਹੈ। ਮਿਤੀ 18-11-2017 ਤੋ ਬਾਅਦ ਪ੍ਰਾਪਤ ਕਿਸੇ ਵੀ ਇਤਰਾਜ ਤੇ ਵਿਚਾਰ ਨਹੀਂ ਕੀਤਾ ਜਾਵੇਗਾ ਅਤੇ ਸੀਨੀਆਰਤਾ ਸੂਚੀ ਨੂੰ ਅੰਤਿਮ ਰੂਪ ਦੇ ਦਿੱਤਾ ਜਾਵੇਗਾ।

ਡਾਇਰੈਕਟਰ ਸਿਖਿਆ ਵਿਭਾਗ (ਸੈ:ਸਿ:), ਪੰਜਾਬ

ਨੰ:16/3-2017 ਅਮਲਾ-2(6)/ਅਮਲਾ-3(4)
ਮਿਤੀ:- 10-11-2017